FOR IMMEDIATE RELEASE CITY OF SURREY

MEDIA RELEASE

# ਸਰੀ ਕਾਉਂਸਿਲ ਨੇ ਸਾਊਥ ਏਸ਼ੀਅਨ ਮਿਊਜ਼ੀਅਮ ਜਾਂ ਕਲਚਰਲ ਸੈਂਟਰ ਨੂੰ ਸਰੀ ਵਿੱਚ ਲਿਆਉਣ ਲਈ ਹਮਾਇਤ ਪ੍ਰਗਟਾਈ

ਤੁਰੰਤ ਰਿਲੀਜ਼: 3 ਦਸੰਬਰ, 2024

**ਸਰੀ, ਬੀ ਸੀ** - ਸੋਮਵਾਰ ਨੂੰ ਰੈਗੂਲਰ ਕੌਂਸਲ ਮੀਟਿੰਗ ਦੌਰਾਨ, ਸਰੀ ਸਿਟੀ ਕੌਂਸਲ ਨੇ ਮੇਅਰ ਬਰੈਂਡਾ ਲਾਕ ਦੇ ਉਸ ਮੋਸ਼ਨ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿੱਚ ਉਹ ਸੂਬਾ ਸਰਕਾਰ ਨਾਲ ਕੰਮ ਕਰ, ਸਰੀ ਵਿੱਚ ਸਾਊਥ ਏਸ਼ੀਅਨ ਹੈਰੀਟੇਜ ਮਿਊਜ਼ੀਅਮ ਜਾਂ ਕਲਚਰਲ ਸੈਂਟਰ ਨੂੰ ਬਣਾਉਣ ਦੇ ਹਮਾਇਤੀ ਹਨ। ਲਗਭਗ 40% ਸਾਊਥ ਏਸ਼ੀਆਈ ਪਿਛੋਕੜ ਦੇ ਲੋਕ ਸਰੀ ਵਿੱਚ ਰਹਿ ਰਹੇ ਹੋਣ ਕਾਰਨ, ਇਹ ਬੀ.ਸੀ. ਵਿੱਚ ਸਭ ਤੋਂ ਵੱਡੀ ਦੱਖਣੀ ਏਸ਼ੀਆਈ ਕਨੇਡੀਅਨਸ ਦੀ ਆਬਾਦੀ ਦਾ ਘਰ ਹੈ। ਸੂਬਾ ਸਰਕਾਰ ਦੀ ਰਿਪੋਰਟ ਵਿੱਚ ਵੀ ਸਰੀ ਨੂੰ ਅਜਿਹੇ ਮਿਊਜ਼ੀਅਮ ਲਈ ਸਰਵਉੱਚ ਸਥਾਨ ਪਾਇਆ ਗਿਆ ਹੈ। ਇਸ ਉਪਰੰਤ ਸਿਟੀ ਨੇ ਇਸ ਸੱਭਿਆਚਾਰਕ ਸਹੂਲਤ ਲਈ, ਕਈ ਸੰਭਾਵੀ ਸਥਾਨਾਂ ਦੀ ਪਛਾਣ ਕੀਤੀ ਹੈ।

ਮੇਅਰ ਬਰੈਂਡਾ ਲੌਕ ਨੇ ਕਿਹਾ, "ਸਰੀ ਇਕ ਬਹੁਤ ਵਧੀਆ ਤੇ ਉਤਸ਼ਾਹੀ ਸਾਊਥ ਏਸ਼ੀਅਨ ਕਨੇਡੀਅਨ ਕਮਿਊਨਿਟੀਜ਼ ਦਾ ਗੜ੍ਹ ਹੈ ਅਤੇ ਕੌਂਸਲ ਸਾਡੇ ਸ਼ਹਿਰ ਵਿੱਚ ਦੱਖਣੀ ਏਸ਼ੀਆਈ ਵਿਰਾਸਤ ਨੂੰ ਦਰਸਾਉਂਦਾ ਇੱਕ ਅਜਾਇਬ ਘਰ ਜਾਂ ਸੱਭਿਆਚਾਰਕ ਕੇਂਦਰ ਨੂੰ ਸ਼ਹਿਰ ਵਿੱਚ ਲਿਆਉਣ ਲਈ, ਪ੍ਰਾਂਤ ਨਾਲ ਸਹਿਯੋਗ ਕਰਨ ਲਈ ਵਚਨਬੱਧ ਹੈ।" "ਸਾਡੇ ਕੋਲ ਸੱਭਿਆਚਾਰਕ ਖਜ਼ਾਨਾ ਸਥਾਪਤ ਕਰਨ ਦਾ ਇੱਕ ਸ਼ਾਨਦਾਰ ਮੌਕਾ ਹੈ, ਜੋ ਅਮੀਰ ਇਤਿਹਾਸ, ਵਿਭਿੰਨ ਕਹਾਣੀਆਂ ਅਤੇ ਦੱਖਣੀ ਏਸ਼ੀਆਈ ਕਨੇਡੀਅਨਸ ਦੇ ਉੱਜਲ ਭਵਿੱਖ ਦਾ ਸਨਮਾਨ ਹੀ ਨਹੀਂ ਕਰੇਗਾ, ਬਲਕਿ ਸਾਡੀ ਬਹੁ-ਸੱਭਿਅਕ ਵਿਭਿੰਨਤਾ ਅਤੇ ਸੈਲਾਨੀਆਂ ਲਈ ਹੋਰ ਵੀ ਆਦਰ-ਮਾਣ ਵਧਾਵੇਗਾ। "

ਕਾਉਂਸਿਲ ਇਸਨੂੰ ਸਿਰੇ ਚੜ੍ਹਾਉਣ ਲਈ ਸੂਬਾ ਸਰਕਾਰ, ਕਮਿਊਨਿਟੀਜ਼ ਅਤੇ ਸਟੈਕਹੋਲ੍ਡਰਸ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ, ਜਿਵੇਂ ਕਿ ਸੂਬਾਈ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਜਾਇਬ ਘਰ ਦਾ ਮਕਸਦ, ਦ੍ਰਿਸ਼ਟੀਕੋਣ, ਅਤੇ ਸੰਭਾਵੀ ਸਥਾਨ, ਕਮਿਊਨਿਟੀ ਵਲੋਂ ਦਿੱਤੇ ਜਾ ਰਹੇ ਫੀਡਬੈਕ ਤੇ ਨਿਰਭਰ ਕਰਦੇ ਹਨ। ਸਰੀ ਵਲੋਂ ਕਈ ਸਿਟੀ ਥਾਵਾਂ ਦੀ ਵੀ ਪਛਾਣ ਕੀਤੀ ਜਾ ਰਹੀ ਹੈ, ਜੋ ਇਸ ਸਹੂਲਤ ਲਈ ਕਾਰਗਰ ਹੋ ਸਕਦੀਆਂ ਹਨ।

ਸਰੀ ਪਹਿਲਾਂ ਹੀ ਭਾਰਤ ਤੋਂ ਬਾਹਰ ਸਭ ਤੋਂ ਵੱਡੀ ਵਿਸਾਖੀ ਪਰੇਡ ਅਤੇ ਇਸਦੀ ਸੱਭਿਆਚਾਰਕ ਵਿਭਿੰਨਤਾ ਕਾਰਨ ਜਾਣਿਆ ਜਾਂਦਾ ਹੈ। ਇਥੇ ਅਜਿਹੇ ਮਿਊਜ਼ੀਅਮ ਜਾਂ ਕਲਚਰਲ ਸੈਂਟਰ ਦੀ ਸਥਾਪਨਾ, ਭਾਈਚਾਰੇ ਲਈ ਇੱਕ ਅਨਮੋਲ ਸਹੂਲਤ ਹੀ ਪ੍ਰਦਾਨ ਨਹੀਂ ਕਰੇਗੀ, ਬਲਕਿ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿ ਰਹੀ ਦੱਖਣੀ ਏਸ਼ੀਆਈ ਕਮਿਊਨਿਟੀਜ਼ ਦੇ ਮਹੱਤਵਪੂਰਨ ਯੋਗਦਾਨ ਦਾ ਪ੍ਰਤੀਕ ਵੀ ਹੋਵੇਗਾ।

ਅਗਲੇ ਕਦਮ ਦੇ ਤੌਰ 'ਤੇ, ਮੇਅਰ ਬਰੈਂਡਾ ਲੌਕ ਪ੍ਰੀਮੀਅਰ ਅਤੇ ਸਬੰਧਤ ਮੰਤਰੀ ਨੂੰ ਸਰੀ ਦੇ ਹਿੱਤ ਬਾਰੇ, ਸੂਬੇ ਨੂੰ ਰਸਮੀ ਤੌਰ 'ਤੇ ਸੂਚਿਤ ਕਰਨ ਲਈ ਪੱਤਰ ਲਿਖਣਗੇ ।

-30 -

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

prabhjot.kahlon@surrey.ca
C :236-878-6263